Australian Government

NATIONAL BOWELCANCER SCREENING PROGRAM

CE901 – 12/2025 – Punjabi | ਪੰਜਾਬੀ

# ਕੇਵਲ ਨਮੂਨਾ ਪੱਤਰ




ਪਿਆਰੇ <ਪਹਿਲਾ ਨਾਮ>,

## ਤੁਹਾਨੂੰ ਆਪਣੀ ਅਗਲੀ ਮੁਫ਼ਤ ਬਾਊਲ ਕੈਂਸਰ ਸਕ੍ਰੀਨਿੰਗ ਕਿੱਟ 2 ਸਾਲ ਬਾਅਦ ਪ੍ਰਾਪਤ ਹੋਵੇਗੀ।

ਸਾਡੇ ਰਿਕਾਰਡ ਦੱਸਦੇ ਹਨ ਕਿ ਪਿਛਲੇ 2 ਸਾਲਾਂ ਵਿੱਚ ਤੁਹਾਡੀ ਕੋਲੋਨੋਸਕੋਪੀ ਹੋ ਚੁੱਕੀ ਹੈ। ਕਲੀਨਿਕਲ ਮਾਰਗਦਰਸ਼ਨਾਂ ਅਨੁਸਾਰ, ਕੋਲੋਨੋਸਕੋਪੀ ਤੋਂ ਬਾਅਦ ਆਪਣਾ ਅਗਲਾ ਬਾਊਲ ਸਕ੍ਰੀਨਿੰਗ ਟੈਸਟ ਛੱਡਣਾ ਸੁਰੱਖਿਅਤ ਹੁੰਦਾ ਹੈ।

ਇਸਦਾ ਮਤਲਬ ਹੈ ਕਿ ਤੁਹਾਨੂੰ ਅਗਲੇ 2 ਸਾਲਾਂ ਤੱਕ ਸਕ੍ਰੀਨਿੰਗ ਕਿੱਟ ਨਹੀਂ ਭੇਜੀ ਜਾਵੇਗੀ।

- ਜੇਕਰ ਤੁਸੀਂ ਹੁਣ ਦੁਬਾਰਾ ਸਕ੍ਰੀਨਿੰਗ ਕਰਵਾਉਣਾ ਚਾਹੁੰਦੇ ਹੋ, ਤਾਂ ਤੁਸੀਂ ਆਪਣੀ ਕਿੱਟ ਡਾਕ ਰਾਹੀਂ ਮੰਗਵਾਉਣ ਲਈ **www.ncsr.gov.au/boweltest**'ਤੇ ਜਾ ਕੇ ਬੇਨਤੀ ਕਰ ਸਕਦੇ ਹੋ ਜਾਂ 1800 627 701 'ਤੇ ਫ਼ੋਨ ਕਰੋ।
- ਜੇਕਰ ਤੁਹਾਡੇ ਡਾਕਟਰ ਨੇ ਕੋਲੋਨੋਸਕੋਪੀ (ਨਿਗਰਾਨੀ ਕੋਲੋਨੋਸਕੋਪੀ) ਨਾਲ ਨਿਰੰਤਰ ਫਾਲੋ-ਅੱਪ ਕਰਨ ਦੀ ਸਿਫ਼ਾਰਸ਼ ਕੀਤੀ ਹੈ, ਤਾਂ ਕਿਰਪਾ ਕਰਕੇ ਬੇਲੋੜੀਆਂ ਕਿੱਟਾਂ ਪ੍ਰਾਪਤ ਕਰਨ ਤੋਂ ਬਚਣ ਲਈ ਇਸ ਪ੍ਰੋਗਰਾਮ ਤੋਂ ਬਾਹਰ ਨਿਕਲੋ ਜਾਂ ਆਪਣੀ ਭਾਗੀਦਾਰੀ ਮੁਲਤਵੀ ਕਰੋ। ਤੁਸੀਂ ਇਹ **www.ncsr.gov.au/manage-participation** 'ਤੇ ਕਰ ਸਕਦੇ ਹੋ ਜਾਂ 1800 627 701 'ਤੇ ਫ਼ੋਨ ਕਰ ਸਕਦੇ ਹੋ।

ਜੇਕਰ ਤੁਸੀਂ ਨਿਸ਼ਚਿੰਤ ਨਹੀਂ ਹੋ, ਤਾਂ ਆਪਣੇ ਡਾਕਟਰ ਨਾਲ ਇਸ ਬਾਰੇ ਗੱਲ ਕਰੋ ਕਿ ਤੁਹਾਡੇ ਲਈ ਕੀ ਸਹੀ ਹੈ। ਤੁਹਾਡਾ ਡਾਕਟਰ ਜਾਂ ਮਾਹਰ ਤੁਹਾਨੂੰ ਤੁਹਾਡੇ ਸਕ੍ਰੀਨਿੰਗ ਤਰੀਕਿਆਂ ਬਾਰੇ ਸਭ ਤੋਂ ਵਧੀਆ ਸਲਾਹ ਦੇ ਸਕਦਾ ਹੈ।

ਤੁਸੀਂ ਆਪਣੇ ਡਾਕਟਰ ਨਾਲ ਗੱਲਬਾਤ ਕਰਨ ਵਿੱਚ ਮਦਦ ਲਈ ਨਾਲ ਨੱਥੀ ਜਾਣਕਾਰੀ ਸ਼ੀਟ ਦੀ ਵਰਤੋਂ ਕਰ ਸਕਦੇ ਹੋ।

ਸਤਿਕਾਰ ਸਹਿਤ,

ਨੈਸ਼ਨਲ ਬਾਊਲ ਕੈਂਸਰ ਸਕ੍ਰੀਨਿੰਗ ਪ੍ਰੋਗਰਾਮ

Australian Government

NATIONAL BOWEL CANCER SCREENING PROGRAM

## ਡਾਕਟਰ/ਮਰੀਜ਼ ਚਰਚਾ ਲਈ ਸਹਾਇਕ ਜਾਣਕਾਰੀ

ਸਾਡੇ ਰਿਕਾਰਡ ਦਿਖਾਉਂਦੇ ਹਨ, ਤੁਹਾਡੇ ਮਰੀਜ਼ ਨੇ ਪਿਛਲੇ 2 ਸਾਲਾਂ ਵਿੱਚ ਕੋਲੋਨੋਸਕੋਪੀ ਕਰਵਾਈ ਹੈ ਅਤੇ ਇਸ ਲਈ ਉਹ ਬਾਊਲ ਸਕ੍ਰੀਨਿੰਗ ਦਾ ਇੱਕ ਦੌਰ ਛੱਡ ਸਕਦਾ ਹੈ। ਇਸਦਾ ਮਤਲਬ ਹੈ ਕਿ ਉਨ੍ਹਾਂ ਦੀ ਅਗਲੀ ਵਾਰ ਜਦੋਂ ਸਕ੍ਰੀਨਿੰਗ ਹੋਣੀ ਹੋਵੇਗੀ, ਉਸ ਤੋਂ ਬਾਅਦ ਅਗਲੇ 2 ਸਾਲਾਂ ਤੱਕ ਸਕ੍ਰੀਨਿੰਗ ਕਿੱਟ ਨਹੀਂ ਭੇਜੀ ਜਾਵੇਗੀ।

ਇਹ ਕਲੀਨਿਕਲ ਮਾਰਗਦਰਸ਼ਨ ਦੇ ਮੁਤਾਬਿਕ ਢੁੱਕਵਾਂ ਹੈ, ਜਿਸ ਅਨੁਸਾਰ ਜੇਕਰ ਹਾਲੀਆ ਕੋਲੋਨੋਸਕੋਪੀ ਵਿੱਚ ਨਿਗਰਾਨੀ ਕੋਲੋਨੋਸਕੋਪੀ ਦੀ ਲੋੜ ਨਾ ਦਿਖਾਈ ਦਿੱਤੀ ਹੋਵੇ, ਤਾਂ ਵਿਅਕਤੀ ਆਪਣਾ ਅਗਲਾ ਬਾਊਲ ਸਕ੍ਰੀਨਿੰਗ ਟੈਸਟ ਛੱਡ ਸਕਦਾ ਹੈ।

ਹਾਲਾਂਕਿ, ਜੇਕਰ ਉਹ ਹੁਣ ਦੁਬਾਰਾ ਸਕ੍ਰੀਨਿੰਗ ਕਰਵਾਉਣਾ ਚਾਹੁੰਦੇ ਹਨ, ਤਾਂ ਉਹ ਆਪਣੀ ਕਿੱਟ ਡਾਕ ਰਾਹੀਂ ਮੰਗਵਾ ਸਕਦੇ ਹਨ। ਤੁਸੀਂ ਵੀ ਉਨ੍ਹਾਂ ਵੱਲੋਂ ਉਨ੍ਹਾਂ ਲਈ ਕਿੱਟ ਦੀ ਬੇਨਤੀ ਕਰ ਸਕਦੇ ਹੋ।

| **ਸਿਹਤ ਸੇਵਾ ਪ੍ਰਦਾਤਾ ਵੱਲੋਂ ਸੰਭਾਵਿਤ ਕਾਰਵਾਈਆਂ** | |
|---|---|
| **ਜੇਕਰ ਤੁਹਾਡੇ ਮਰੀਜ਼ ਨੂੰ ਇੱਕ ਸਕ੍ਰੀਨਿੰਗ ਦੌਰ ਛੱਡਣਾ ਚਾਹੀਦਾ ਹੈ** | **ਤਾਂ ਕੋਈ ਹੋਰ ਕਾਰਵਾਈ ਦੀ ਲੋੜ ਨਹੀਂ ਹੈ।** ਇਹ ਪ੍ਰੋਗਰਾਮ ਉਨ੍ਹਾਂ ਨੂੰ ਅਗਲੇ 2 ਸਾਲਾਂ ਵਿੱਚ, ਜਦੋਂ ਉਨ੍ਹਾਂ ਦੀ ਅਗਲੀ ਸਕ੍ਰੀਨਿੰਗ ਮਿਆਦ ਹੋਵੇਗੀ, ਇੱਕ ਟੈਸਟ ਕਿੱਟ ਭੇਜੇਗਾ। |
| **ਜੇਕਰ ਤੁਹਾਡੇ ਮਰੀਜ਼ ਨੂੰ ਹਰ 2 ਸਾਲਾਂ ਵਿੱਚ ਸਕ੍ਰੀਨਿੰਗ ਜਾਰੀ ਰੱਖਣੀ ਚਾਹੀਦੀ ਹੈ** | ਤਾਂ **www.ncsr.gov.au/boweltest** 'ਤੇ ਜਾ ਕੇ, ਜਾਂ 1800 627 701 'ਤੇ ਫ਼ੋਨ ਕਰਕੇ ਜਾਂ ਆਪਣੇ ਕਲੀਨਿਕਲ ਸੌਫਟਵੇਅਰ ਏਕੀਕਰਨ ਜਾਂ ਨੈਸ਼ਨਲ ਕੈਂਸਰ ਸਕ੍ਰੀਨਿੰਗ ਰਜਿਸਟਰ ਸਿਹਤ ਸੰਭਾਲ ਪ੍ਰਦਾਤਾ ਪੋਰਟਲ ਰਾਹੀਂ ਉਨ੍ਹਾਂ ਦੀ ਤਰਫ਼ੋਂ ਕਿੱਟ ਦੀ ਬੇਨਤੀ ਕਰੋ। |
| **ਜੇਕਰ ਤੁਹਾਡੇ ਮਰੀਜ਼ ਨੂੰ ਸਕ੍ਰੀਨਿੰਗ ਤੋਂ ਅਸਥਾਈ ਤੌਰ 'ਤੇ ਮੁਲਤਵੀ ਕਰਨ ਦੀ ਲੋੜ ਹੈ** | ਤਾਂ 1800 627 701 'ਤੇ ਫ਼ੋਨ ਕਰੋ ਅਤੇ ਸਾਨੂੰ ਮੁਲਤਵੀ ਕਰਨ ਦੀ ਸਮਾਂ-ਸੀਮਾ ਬਾਰੇ ਦੱਸੋ, ਜਾਂ ਆਪਣੇ ਕਲੀਨਿਕਲ ਸੌਫ਼ਟਵੇਅਰ ਏਕੀਕਰਨ ਜਾਂ ਨੈਸ਼ਨਲ ਕੈਂਸਰ ਸਕ੍ਰੀਨਿੰਗ ਰਜਿਸਟਰ ਦੇ ਹੈਲਥਕੇਅਰ ਪ੍ਰੋਵਾਈਡਰ ਪੋਰਟਲ ਰਾਹੀਂ ਇਸ 'ਤੇ ਕਾਰਵਾਈ ਕਰੋ। |
| **ਜੇਕਰ ਤੁਹਾਡੇ ਮਰੀਜ਼ ਨੂੰ ਸਕ੍ਰੀਨਿੰਗ ਤੋਂ ਸਥਾਈ ਤੌਰ 'ਤੇ ਬਾਹਰ ਹੋਣ ਦੀ ਲੋੜ ਹੈ** | ਤਾਂ 1800 627 701 'ਤੇ ਫ਼ੋਨ ਕਰੋ ਜਾਂ ਆਪਣੇ ਕਲੀਨਿਕਲ ਸੌਫ਼ਟਵੇਅਰ ਏਕੀਕਰਨ ਜਾਂ ਨੈਸ਼ਨਲ ਕੈਂਸਰ ਸਕ੍ਰੀਨਿੰਗ ਰਜਿਸਟਰ ਦੇ ਹੈਲਥਕੇਅਰ ਪ੍ਰੋਵਾਈਡਰ ਪੋਰਟਲ ਰਾਹੀਂ ਰਾਹੀਂ ਉਨ੍ਹਾਂ ਨੂੰ ਪ੍ਰੋਗਰਾਮ ਤੋਂ ਬਾਹਰ ਕਰੋ। |
| ਤੁਹਾਡਾ ਮਰੀਜ਼ ਆਪਣੀ ਭਾਗੀਦਾਰੀ ਨੂੰ 1800 627 701 'ਤੇ ਫ਼ੋਨ ਕਰਕੇ ਜਾਂ**www.ncsr.gov.au/manage-participation** 'ਤੇ ਜਾ ਕੇ ਨੈਸ਼ਨਲ ਕੈਂਸਰ ਸਕ੍ਰੀਨਿੰਗ ਰਜਿਸਟਰ ਦੇ ਭਾਗੀਦਾਰ ਪੋਰਟਲ ਰਾਹੀਂ ਸੰਭਾਲ ਸਕਦਾ ਹੈ। | |

| | |
|---|---|
| **ਕਲੀਨਿਕਲ ਮਾਰਗਦਰਸ਼ਨ** | ਨੈਸ਼ਨਲ ਬੋਅਲ ਕੈਂਸਰ ਸਕ੍ਰੀਨਿੰਗ ਪ੍ਰੋਗਰਾਮ ਨੂੰ *ਕੋਲੋਰੈਕਟਲ ਕੈਂਸਰ ਦੀ ਰੋਕਥਾਮ, ਜਲਦੀ ਪਤਾ ਲਗਾਉਣ ਅਤੇ ਪ੍ਰਬੰਧਨ ਲਈ ਕਲੀਨਿਕਲ ਅਭਿਆਸ ਦਿਸ਼ਾ-ਨਿਰਦੇਸ਼ਾਂ* (ਜਿਸ ਨੂੰ 2023 ਵਿੱਚ ਅੱਪਡੇਟ ਕੀਤਾ ਗਿਆ ਸੀ) - **www.cancer.org.au/go/clinical-guidelines-bowel** ਵੱਲੋਂ ਜਾਣਕਾਰੀ ਪ੍ਰਦਾਨ ਕੀਤੀ ਜਾਂਦੀ ਹੈ। |
| | ਕੋਲੋਨੋਸਕੋਪੀ ਤੋਂ ਬਾਅਦ ਤੁਹਾਡੇ ਮਰੀਜ਼ ਲਈ ਇਸ ਪ੍ਰੋਗਰਾਮ ਰਾਹੀਂ ਸਕ੍ਰੀਨਿੰਗ ਕਰਵਾਉਣ ਦੀ ਉਚਿਤਤਾ ਨਿਰਧਾਰਤ ਕਰਨ ਲਈ, ਕਿਰਪਾ ਕਰਕੇ ਨਿਗਰਾਨੀ ਕੋਲੋਨੋਸਕੋਪੀ ਲਈ ਕਲੀਨਿਕਲ ਅਭਿਆਸ ਦਿਸ਼ਾ-ਨਿਰਦੇਸ਼ - **www.cancer.org.au/go/clinical-guidelines-bowel-surveillance** ਵੇਖੋ। |

**ਬਾਊਲ ਕੈਂਸਰ ਸਕ੍ਰੀਨਿੰਗ ਬਾਰੇ ਹੋਰ ਜਾਣਕਾਰੀ ਲਈ**

www.health.gov.au/nbcsp 'ਤੇ ਜਾਣ ਲਈ ਇਸ QR ਕੋਡ ਨੂੰ ਸਕੈਨ ਕਰੋ।

www.ncsr.gov.au 'ਤੇ ਨੈਸ਼ਨਲ ਕੈਂਸਰ ਸਕ੍ਰੀਨਿੰਗ ਰਜਿਸਟਰ 'ਤੇ ਜਾਓ ਜਾਂ 1800 627 701 'ਤੇ ਫ਼ੋਨ ਕਰੋ

ਅਸੀਂ ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ ਕਿਵੇਂ ਕਰਦੇ ਹਾਂ: www.ncsr.gov.au/privacy